This Question Paper consists of 14 questions 8 printed pages.
ਇਸ ਪ੍ਰਸ਼ਨ ਪੱਤਰ ਵਿਚ 14 ਸੁਆਲ ਹਨ ਅਤੇ 8 ਛੱਪੇ ਹੋਏ ਪੰਨੇ ਹਨ।

Roll No.
ਰੋਲ ਨੰਬਰ

| | | | | | | | | | | | |
|---|---|---|---|---|---|---|---|---|---|---|---|
| | | | | | | | | | | | |

**Code No. 65/S/A/P**
ਕੋਡ ਨੰ.
**Set / ਸੈਟ** A

# PUNJABI
# ਪੰਜਾਬੀ
# (210)

Day and Date of Examination ..........................................................................
(ਪਰਿਖਿਆ ਦਾ ਦਿਨ ਅਤੇ ਮਿਤੀ)

Signature of Invigilators 1. ..........................................................................
(ਨਿਰੀਖਕਾਂ ਦੇ ਦਸਖ਼ਤ)

2. ..........................................................................

---

**ਆਮ ਹਿਦਾਇਤਾਂ :**

1. ਪਰੀਖਿਆਰਥੀ ਪ੍ਰਸ਼ਨ ਪੱਤਰ ਦੇ ਮੁਖ ਪੰਨੇ ਤੇ ਆਪਣੇ ਰੋਲ ਨੰਬਰ ਜ਼ਰੂਰ ਲਿਖਣ।

2. ਕ੍ਰਿਪਾਕਰਕੇ ਪ੍ਰਸ਼ਨ ਪੱਤਰ ਵੇਖ ਲਵੋ ਕਿ ਪ੍ਰਸ਼ਨ ਪੱਤਰ ਦੇ ਕੁਲ ਪੰਨੇ ਅਤੇ ਕੁਲ ਸੁਆਲ ਉਹੋ ਹੀ ਹਨ ਜਿਹੜੇ ਕਿ ਮੁਖ ਪੰਨੇ ਦੇ ਸਭ ਤੋਂ ਉਪਰ ਲਿਖੇ ਗਏ ਹਨ। ਇਹ ਭੀ ਦੇਖ ਲਵੋ ਕਿ ਸੁਆਲ ਸਾਰੇ ਕ੍ਰਮਵਾਰ ਲਿਖੇ ਹੋਏ ਹਨ।

3. ਵਸਤੂਨਿਸ਼ਠ ਸੁਆਲਾਂ ਵਿਚ ਆਪਣੇ ਪ੍ਰਸ਼ਨ ਪੱਤਰ ਵਿਚ ਦਿਤੇ ਵਿਕਲਪਾਂ (A), (B), (C) ਅਤੇ (D) ਵਿਚੋਂ ਕੋਈ ਇਕ ਚੁਣਨਾ ਹੈ ਅਤੇ ਠੀਕ ਜੁਆਬ ਨੂੰ ਆਪਣੀ ਉੱਤਰ ਕਾਪੀ ਵਿਚ ਲਿਖਣਾ ਹੈ। ਬਹੁ ਵਿਕਲਪੀ ਸੁਆਲਾਂ ਲਈ ਕੋਈ ਫਾਲਤੂ ਸਮਾਂ ਨਹੀਂ ਮਿਲੇਗਾ।

4. ਉੱਤਰ ਕਾਪੀ ਵਿਚ ਕੋਈ ਪਛਾਣ ਚਿੰਨ ਬਨਾਉਣਾ ਜਾਂ ਆਪਣਾ ਰੋਲ ਨੰਬਰ ਨਿਰਧਾਰਿਤ ਥਾਂ ਦੀ ਜਗ੍ਹਾ ਕਿਧਰੋ ਹੋਰ ਲਿਖਣਾ ਪਰੀਖਿਆਰਥੀ ਦੀ ਪਾਤਰਤਾ ਨੂੰ ਰਦ ਕਰਨ ਤਕ ਲੈ ਜਾਵੈਗਾ।

5. ਆਪਣੇ ਪ੍ਰਸ਼ਨ ਪੱਤਰ ਦਾ ਕੋਡ ਨੰ. 65/S/A/P ਸੈਟ A ਉੱਤਰ ਕਾਪੀ ਦਿਵ ਲਿਖੋ।

# PUNJABI

## (ਪੰਜਾਬੀ)

## (210)

ਸਮਾਂ : 3 ਘੰਟੇ ] [ ਕੁਲ ਅੰਕ : 100

**ਨੋਟ :** (i) ਸਾਰੇ ਪ੍ਰਸ਼ਨਾਂ ਦੇ ਉੱਤਰ ਜ਼ਰੂਰੀ ਹਨ।

(ii) ਸਾਰੇ ਪ੍ਰਸ਼ਨਾਂ ਨੂੰ ਧਿਆਨ ਨਾਲ ਪੜ੍ਹ ਕੇ ਉਨ੍ਹਾਂ ਦੇ ਉੱਤਰ ਲਿਖੋ।

**1.** ਹੇਠ ਲਿਖੇ ਪੈਰੇ ਨੂੰ ਪੜ੍ਹੋ ਤੇ ਉਸ ਸੰਬੰਧੀ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : 2×4=8

ਅੱਜ ਦਾ ਮਨੁੱਖ ਪੈਸੇ ਦੇ ਪਿੱਛੇ ਅੰਨ੍ਹੇਵਾਹ ਦੌੜੀ ਜਾ ਰਿਹਾ ਹੈ। ਪੰਜ ਰੁਪਏ ਮਿਲਣ ਤਾਂ ਦਸ, ਦਸ ਮਿਲਣ ਤਾਂ ਸੌ ਅਤੇ ਸੌ ਮਿਲਣ ਤੇ ਹਜ਼ਾਰ ਦੀ ਇੱਛਾ ਲਈ ਉਹ ਅੰਨ੍ਹੀ ਦੌੜ ਵਿੱਚ ਸ਼ਾਮਲ ਹੈ ਇਸ ਦੌੜ ਦਾ ਕੋਈ ਅੰਤ ਨਹੀਂ। ਪੈਸੇ ਦੀ ਇਸ ਦੌੜ ਵਿੱਚ ਸਾਰੇ ਮਾਣ ਅਤੇ ਪਰਿਵਾਰਕ ਸੰਬੰਧ ਪਿੱਛੇ ਰਹਿ ਗਏ ਹਨ। ਮਨੁੱਖ ਆਪਣੇ ਪਰਾਏ ਦੇ ਭੇਦਭਾਵ ਨੂੰ ਭੁੱਲ ਹੀ ਗਿਆ ਹੈ। ਉਸ ਦੇ ਕੋਲ ਆਪਣੇ ਬੱਚਿਆਂ ਲਈ, ਪਤਨੀ ਲਈ ਅਤੇ ਮਾਂ-ਬਾਪ ਲਈ ਕੋਈ ਸਮਾਂ ਨਹੀਂ ਹੈ। ਪੈਸੇ ਲਈ ਪੁੱਤਰ ਦਾ ਪਿਓ ਦੇ ਨਾਲ, ਧੀ ਦਾ ਮਾਂ ਦੇ ਨਾਲ ਅਤੇ ਪਤੀ ਦਾ ਪਤਨੀ ਨਾਲ ਝਗੜਾ ਹੋ ਰਿਹਾ ਹੈ। ਭਰਾ, ਭਰਾ ਦੇ ਖ਼ੂਨ ਦਾ ਪਿਆਸਾ ਹੈ। ਪੈਸੇ ਲਈ ਲੋਭ ਮਨੁੱਖ ਨੂੰ ਕਈ ਤਰ੍ਹਾਂ ਦੇ ਘਿਣੌਣੇ ਅਪਰਾਧ ਕਰਨ ਲਈ ਉਕਸਾ ਰਿਹਾ ਹੈ। ਇਹ ਲੋਭ ਦਾ ਹੀ ਨਤੀਜਾ ਹੈ, ਥਾਂ-ਥਾਂ 'ਤੇ ਕਤਲ, ਲੁੱਟ-ਖਸੁੱਟ, ਅਪਹਰਨ ਅਤੇ ਚੋਰੀ, ਡਕੈਤੀ ਦੀਆਂ ਘਟਨਾਵਾਂ ਵੱਧ ਰਹੀਆਂ ਹਨ। ਇਸ ਰੋਗੀ ਮਾਨਸਿਕਤਾ ਨੂੰ ਬਦਲਣ ਦੇ ਲਈ ਸਾਨੂੰ ਹਰ ਪੱਧਰ 'ਤੇ ਯਤਨ ਕਰਨੇ ਹੋਣਗੇ।

**ਪ੍ਰਸ਼ਨ :**

*(i)* ਪੈਸੇ ਦਾ ਲੋਭ ਮਨੁੱਖ ਤੋਂ ਕੀ ਕਰਵਾਉਂਦਾ ਹੈ?

*(ii)* ਉਪਰੋਕਤ ਦਿੱਤੀ ਗਈ ਦੌੜ ਵਿੱਚ ਕਿਹੜੇ ਸੰਬੰਧ ਪਿੱਛੇ ਰਹਿ ਗਏ ਹਨ?

*(iii)* ਅੱਜ ਦਾ ਮਨੁੱਖ ਕਿਸ ਪਿੱਛੇ ਦੌੜ ਰਿਹਾ ਹੈ?

*(iv)* ਪੈਰੇ ਵਿੱਚ ਕਿਹੜੇ-ਕਿਹੜੇ ਸਮਾਸੀ ਸ਼ਬਦ ਆਏ ਹਨ ਲਿਖੋ।

**2.** ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪ ਚੁਣੋ : 1×15=15

*(i)* ਹਿੰਦੀ ਦਾ 'श' ਗੁਰਮੁਖੀ ਵਿੱਚ ਲਿਖਿਆ ਜਾਂਦਾ ਹੈ :

(A) ਸ (B) ਸ਼

(C) ਮ (D) ਭ

*(ii)* ‘ਿ’ ਚਿੰਨ੍ਹ ਦਾ ਨਾਂ ਹੈ :

(A) ਮੁਕਤਾ (B) ਕੰਨਾ

(C) ਬਿਹਾਰੀ (D) ਸਿਹਾਰੀ

*(iii)* ਦੁੱਤ ਅੱਖਰ ਕਿੰਨੇ ਹੁੰਦੇ ਹਨ?

(A) ਇੱਕ (B) ਦੋ

(C) ਤਿੰਨ (D) ਚਾਰ

*(iv)* ਹੇਠ ਲਿਖੇ ਸ਼ਬਦਾਂ ਵਿੱਚੋਂ ਕਿਹੜਾ ਸ਼ਬਦ ਸਹੀ ਹੈ?

(A) ਛਰਬਤ (B) ਸ਼ਰਬਤ

(C) ਸ਼੍ਰਬਤ (D) ਸ਼ਬ੍ਰਤ

*(v)* ‘ਮਮਤਾ’ ਸ਼ਬਦ ਨਾਂਵ ਦੀ ਕਿਹੜੀ ਕਿਸਮ ਹੈ?

(A) ਖਾਸ ਨਾਂਵ (B) ਭਾਵ ਵਾਚਕ ਨਾਂਵ

(C) ਇੱਕਠਵਾਚਕ ਨਾਂਵ (D) ਵਸਤੂਵਾਚਕ ਨਾਂਵ

*(vi)* ‘ਬੇਗਮ’ ਦਾ ਪੁਲਿੰਗ ਹੈ :

(A) ਨਵਾਬ (B) ਮਹਾਰਾਜ

(C) ਰਾਜਾ (D) ਕੁੰਵਰ

*(vii)* ‘ਅੱਖ’ ਦਾ ਵਚਨ ਹੈ :

(A) ਅੱਖੇ (B) ਅੱਖਾਂ

(C) ਆਂਖੇ (D) ਇਨ੍ਹਾਂ ਵਿੱਚੋਂ ਕੋਈ ਨਹੀਂ

*(viii)* ‘ਓਏ’, ‘ਨੀ’ ਕਿਹੜੇ ਕਾਰਕ ਦੇ ਚਿੰਨ੍ਹ ਹਨ :

(A) ਸੰਬੋਧਨ ਕਾਰਕ (B) ਸੰਬੰਧ ਕਾਰਕ

(C) ਸੰਪਰਦਾਨ ਕਾਰਕ (D) ਅਧਿਕਰਨ ਕਾਰਕ

*(ix)* 'ਇਹ ਮਿਹਨਤ ਕਰਦਾ ਹੈ' ਵਾਕ ਵਿੱਚ 'ਇਹ' ਕਿਹੜਾ ਪੜਨਾਂਵ ਹੈ :

(A) ਨਿੱਜਵਾਚਕ ਪੜਨਾਂਵ
(B) ਅਨਿਸਚੇਵਾਚਕ ਪੜਨਾਂਵ
(C) ਨਿਸਚੇਵਾਚਕ ਪੜਨਾਂਵ
(D) ਸੰਬੰਧਵਾਚਕ ਪੜਨਾਂਵ

*(x)* ਵਿਸ਼ੇਸ਼ਣ ਦੀਆਂ ਕਿੰਨੀਆਂ ਕਿਸਮਾਂ ਹਨ :

(A) ਤਿੰਨ
(B) ਚਾਰ
(C) ਪੰਜ
(D) ਛੇ

*(xi)* ਜਿਸ ਵਾਕ ਵਿੱਚ ਕਰਤਾ, ਕਰਮ ਤੇ ਕਿਰਿਆ ਤਿੰਨੋ ਹੋਣ, ਉਸ ਵਾਕ ਦੀ ਕਿਰਿਆ ਨੂੰ ਕੀ ਕਹਿੰਦੇ ਹਨ :

(A) ਕਿਰਿਆ
(B) ਸਕਰਮਕ ਕਿਰਿਆ
(C) ਅਕਰਮਕ ਕਿਰਿਆ
(D) ਇਹਨਾਂ ਵਿੱਚੋਂ ਕੋਈ ਨਹੀਂ

*(xii)* 'ਤੂੰ ਕਿਉਂ ਨਹੀਂ ਆਈ?' ਵਾਕ ਕਿਰਿਆ ਵਿਸ਼ੇਸ਼ਣ ਦੀ ਕਿਹੜੀ ਕਿਸਮ ਹੈ?

(A) ਕਾਰਨਵਾਚਕ ਕਿਰਿਆ ਵਿਸ਼ੇਸ਼ਣ
(B) ਪ੍ਰਕਾਰਵਾਚਕ ਕਿਰਿਆ ਵਿਸ਼ੇਸ਼ਣ
(C) ਕਾਲਵਾਚਕ ਕਿਰਿਆ ਵਿਸ਼ੇਸ਼ਣ
(D) ਤਾਕੀਦੀਵਾਚਕ ਕਿਰਿਆ ਵਿਸ਼ੇਸ਼ਣ

*(xiii)* 'ਕੱਪ ਵਿੱਚ ਕਾਫ਼ੀ ਪਾਉ।' ਵਾਕ ਵਿੱਚ ਸੰਬੰਧਕ ਕਿਹੜਾ ਹੈ?

(A) ਕੱਪ
(B) ਵਿੱਚ
(C) ਕਾਫ਼ੀ
(D) ਪਾਉ

*(xiv)* 'ਖ਼ੂਨ ਦਾ ਦਾਨ' ਸ਼ਬਦ ਸਮੂਹ ਲਈ ਸਹੀ ਸਮਾਸੀ ਸ਼ਬਦ ਚੁਣੋ :

(A) ਖ਼ੂਨ ਦਾਨ
(B) ਖ਼ੂਨਦਾਨ
(C) ਖ਼ੂਨਦਾਨੀ
(D) ਖ਼ੂਨ-ਦਾਨ

*(xv)* ਪਿਛੇਤਰ ਅਤੇ ਸਾਰਥਕ ਸ਼ਬਦ ਦੇ ਠੀਕ ਵਿਕਲਪ ਨੂੰ ਚੁਣੋ :

(A) ਫੁ+ਲਕਾਰੀ
(B) ਫੁਲਕ+ਆਰੀ
(C) ਫੁਲ+ਕਾਰੀ
(D) ਫੁਲਕਾ+ਰੀ

**3.** *(i)* 'ਊਠ ਦੇ ਮੂੰਹ ਵਿੱਚ ਜੀਰਾ ਦੇਣਾ' ਮੁਹਾਵਰੇ ਦਾ ਸਹੀ ਅਰਥ ਚੁਣੋ :

(A) ਊਠ ਨੂੰ ਜੀਰਾ ਖੁਆਉਣਾ

(B) ਬਹੁਤ ਖਾਣ ਵਾਲੇ ਨੂੰ ਥੋੜਾ ਦੇਣਾ

(C) ਥੋੜਾ ਖਾਣ ਵਾਲੇ ਨੂੰ ਬਹੁਤਾ ਦੇਣਾ

(D) ਊਠ ਨੂੰ ਥੋੜਾ ਜੀਰਾ ਖੁਆਉਣਾ

*(ii)* 'ਇੱਕ ਪੰਥ ਦੋ ਕਾਜ' ਅਖਾਣ ਕਿਸ ਵਿਸ਼ੇਸ਼ ਮੌਕੇ ਤੇ ਵਰਤੀ ਜਾਂਦੀ ਹੈ?

*(iii)* ਪੈਰ ________ ਕੇ ਸੌਣਾ।

*(iv)* ਉੱਲੂ ________ ਕਰਨਾ।

*(v)* ਜਿਸ ਦੀ ਕੋਠੀ ਦਾਣੇ, ਉਸਦੇ ________ ਵੀ ਸਿਆਣੇ। 1×5=5

**4.** ਹੇਠ ਲਿਖੇ ਬਹੁਅਰਥਕ ਸ਼ਬਦਾਂ ਤੋਂ ਘੱਟੋ-ਘੱਟ ਅਜਿਹੇ ਦੋ ਵਾਕ ਬਣਾਓ ਕਿ ਇੱਕ ਤੋਂ ਵੱਧ ਅਰਥ ਸਪਸ਼ਟ ਹੋ ਜਾਣ: 2

ਡੰਡੀ, ਕਲੀ

**5.** ਹੇਠ ਲਿਖੀ ਵਾਰਤਾ ਨੂੰ ਵਿਸਰਾਮ ਚਿੰਨ੍ਹ ਲਾਓ : 3

*(i)* ਅਸੀਂ ਭ੍ਰਿਸ਼ਟਾਚਾਰ ਨੂੰ ਕਿਵੇਂ ਰੋਕ ਸਕਦੇ ਹਾਂ ਲੋਕਾਂ ਨੇ ਨੇਤਾ ਨੂੰ ਪੁੱਛਿਆ

*(ii)* ਪਿਤਾ ਨੇ ਕਿਹਾ ਸ਼ਾਬਾਸ਼ ਅੱਗੇ ਵੱਧਦੇ ਜਾਓ

**6.** ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ ਲਗਪਗ 250 ਸ਼ਬਦਾਂ ਦਾ ਭਾਵਪੂਰਤ ਲੇਖ ਲਿਖੋ: 10

*(i)* ਮਿਠੱਤ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤੁ

*(ii)* ਨਸ਼ਾਬੰਦੀ

*(iii)* ਸਮੇਂ ਦਾ ਮਹੱਤਵ

*(iv)* ਸਮਾਚਾਰ ਪੱਤਰ ਅਤੇ ਅੱਜ ਦਾ ਯੁੱਗ

**7.** ਤੁਹਾਡਾ ਮਿੱਤਰ ਜਾਂ ਸਹੇਲੀ ਬੋਰਡ ਦੀ ਪਰੀਖਿਆ ਵਿੱਚ ਅੱਵਲ ਆਈ ਹੈ। ਉਸਨੂੰ ਵਧਾਈ ਦਿੰਦੇ ਹੋਏ ਗਿਆਰ੍ਹਵੀਂ ਜਮਾਤ ਵਿੱਚ ਵਿਸ਼ਿਆਂ ਦੀ ਚੋਣ ਸਹੀ ਤਰੀਕੇ ਨਾਲ ਕਰਨ ਦੀ ਸਲਾਹ ਦਿਓ। 7

ਜਾਂ

ਤੁਹਾਡੇ ਪਿਤਾ ਜੀ ਦਾ ਪਰਸ ਗੁਆਚ ਗਿਆ ਹੈ। ਇਸ ਬਾਰੇ ਨੇੜੇ ਦੇ ਥਾਣੇ ਵਿੱਚ ਰਿਪੋਰਟ ਲਿਖਵਾਉ।

**8.** 'ਖਨਗਾਹੀ ਦੀਵਾ ਬਾਲਦੀਏ' ਕਵਿਤਾ ਵਿੱਚ ਕਵੀ ਅਨੁਸਾਰ ਆਧੁਨਿਕ ਮਨੁੱਖ ਭਟਕਣ ਦਾ ਕਿਉਂ ਸ਼ਿਕਾਰ ਹੈ? 5

ਜਾਂ

'ਫਰੀਦਾ ਕੋਠੇ ਮੰਡਪ ਮਾੜੀਆਂ ਏਤੁ ਨਾ ਲਾਏ ਚਿਤੁ।।
ਮਿਟੀ ਪਈ ਅਤੋਲਵੀ ਕੋਇ ਨਾ ਹੋਸੀ ਮਿਤੁ।।

ਬਾਬਾ ਫਰੀਦ ਜੀ ਇਸ ਸਲੋਕ ਰਾਹੀਂ ਮਨੁੱਖ ਨੂੰ ਕੀ ਸੰਦੇਸ਼ ਦੇਣਾ ਚਾਹ ਰਹੇ ਹਨ?

**9.** 'ਬਸ ਕੰਡਕਟਰ' ਕਹਾਣੀ ਰਾਹੀਂ ਲੇਖਕਾ ਨੇ ਪੜ੍ਹੀ-ਲਿਖੀ, ਕਮਾਊ ਔਰਤ ਪ੍ਰਤੀ ਸਮਾਜ ਦੇ ਕਿਹੋ ਜਿਹੇ ਦ੍ਰਿਸ਼ਟੀਕੋਣ ਨੂੰ ਦਰਸਾਇਆ ਹੈ? ਉੱਤਰ100 –125 ਸ਼ਬਦਾਂ ਵਿੱਚ ਲਿਖੋ। 5

**10.** ਇਕਾਂਗੀ 'ਬੇਈਮਾਨ' ਦੀ ਕਹਾਣੀ ਆਪਣੇ ਸ਼ਬਦਾਂ ਵਿੱਚ 100 –125 ਸ਼ਬਦਾਂ ਵਿੱਚ ਬਿਆਨ ਕਰੋ। 5

**11.** ਲੇਖ 'ਵਾਤਾਵਰਨ ਵਿੱਚ ਸੁੰਦਰਤਾ' ਦੇ ਆਧਾਰ 'ਤੇ ਦੱਸੋ ਕਿ ਵਾਤਾਵਰਨ ਤੇ ਸੁੰਦਰਤਾ ਦਾ ਮਨੁੱਖੀ ਜੀਵਨ 'ਤੇ ਕੀ ਪ੍ਰਭਾਵ ਪੈਂਦਾ ਹੈ? ਉੱਤਰ 100 –125 ਸ਼ਬਦਾਂ ਵਿੱਚ ਲਿਖੋ। 5

**12.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਲਿਖੋ। ਹਰ ਇੱਕ ਸਹੀ ਉੱਤਰ ਦਾ ਇੱਕ ਅੰਕ ਹੈ: $1\times12=12$

*(i)* ਹੀਰ ਮੋਏ ਤੇ ਵਿਛੜੇ ਲੋਕਾਂ ਦੇ ਸੰਬੰਧ ਵਿੱਚ ਕੀ ਆਖਦੀ ਹੈ?

*(ii)* ਖ਼ਨਗਾਹ ਤੇ ਕੁੜੀ ਕੀ ਕਰਨ ਆਉਂਦੀ ਹੈ?

*(iii)* 'ਨਿੱਕੇ ਵੱਡੇ ਡਰ' ਕਵਿਤਾ ਵਿੱਚ ਧੀਆਂ ਕਿੱਥੇ ਜਾ ਰਹੀਆਂ ਹਨ?

*(iv)* 'ਸਾਂਝ' ਕਹਾਣੀ ਵਿੱਚ ਕਿਸਦੀ ਮੌਤ ਹੋਈ ਸੀ?

*(v)* ਪੜ੍ਹਨ ਦੇ ਨਾਲ-ਨਾਲ ਹੋਰ ਕਿਸ ਦੀ ਲੋੜ ਹੁੰਦੀ ਹੈ? 'ਮਲੰਗ' ਕਹਾਣੀ ਤੇ ਆਧਾਰ ਤੇ ਦੱਸੋ।

*(vi)* 'ਸਵਰਗ ਦੀ ਝਲਕ' ਕਹਾਣੀ ਕਿਸ ਦੀ ਲਿਖੀ ਹੋਈ ਹੈ?

*(vii)* ਨੰਦੂ ਅਸਲ ਵਿੱਚ ਕਿਸ ਇਲਾਕੇ ਦਾ ਰਹਿਣ ਵਾਲਾ ਸੀ?

*(viii)* ਮੈਨੇਜਰ ਅਨੁਸਾਰ ਬਿਜਨੈਸ ਕੀ ਹੈ?

*(ix)* ਭਗਤ ਸਿੰਘ ਦੇਸ ਵਿੱਚੋਂ ਕਿਨ੍ਹਾਂ ਨੂੰ ਕੱਢਣਾ ਚਾਹੁੰਦਾ ਸੀ?

*(x)* ਖ਼ੂਨਦਾਨ ਕੌਣ ਕਰ ਸਕਦਾ ਹੈ?

*(xi)* ਤਾਜਮਹੱਲ ਆਪਣਾ ਪ੍ਰਭਾਵ ਕਿੱਥੋਂ ਲੈਂਦਾ ਹੈ?

*(xii)* ਮਹਾਰਾਜਾ ਰਣਜੀਤ ਸਿੰਘ ਨੇ ਪਰਜਾ ਦੀਆਂ ਸ਼ਿਕਾਇਤਾਂ ਜਾਂ ਪ੍ਰਾਰਥਨਾਵਾਂ ਲਈ ਮਹੱਲ ਦੇ ਬਾਹਰ ਕੀ ਰੱਖਵਾਇਆ ਹੋਇਆ ਸੀ?

**13.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30–40 ਸ਼ਬਦਾਂ ਵਿੱਚ ਲਿਖੋ: 2×6=12

*(i)* ਫਰੀਦ ਜੀ ਨੇ ਕਾਲੇ ਰੰਗ ਦੇ ਪਹਿਰਾਵੇ ਉੱਤੇ ਕੀ ਵਿਅੰਗ ਕੀਤਾ ਹੈ?

*(ii)* 'ਜਿਨ੍ਹਾਂ ਭੈਣਾਂ ਨੂੰ ਵੀਰ ਨਾ ਮਿਲੇ ਮੁੜ ਕੇ,
ਪਈਆਂ ਰੌਂਦੀਆਂ ਫਿਰਨ ਵਿਚਾਰੀਆਂ ਨੀ।'

ਉਪਰੋਕਤ ਕਾਵਿ-ਸਤਰਾਂ ਵਿੱਚ ਭੈਣਾਂ ਦੇ ਰੋਣ ਦਾ ਕਾਰਨ ਕੀ ਹੈ? 'ਜੰਗ ਸਿੰਘਾਂ ਤੇ ਫਿਰੰਗੀਆਂ' ਕਵਿਤਾ ਦੇ ਆਧਾਰ 'ਤੇ ਦੱਸੋ।

*(iii)* 'ਮਲੰਗ' ਕਹਾਣੀ ਵਿੱਚ ਸਵਾਰੀਆਂ ਦੀਆਂ ਗੱਲਾਂ ਦਾ ਡਰਾਈਵਰਾਂ ਉੱਤੇ ਕੀ ਅਸਰ ਹੋਇਆ?

*(iv)* ਜਲ੍ਹਿਆਂਵਾਲੇ ਬਾਗ ਦੀ ਘਟਨਾ ਦਾ ਭਗਤ ਸਿੰਘ ਤੇ ਕੀ ਅਸਰ ਹੋਇਆ?

*(v)* ਜਦੋਂ ਹਜਰਤ ਮੁਹੰਮਦ ਸਾਹਿਬ ਨੂੰ ਰੱਬ ਵਲੋਂ ਬਾਣੀ ਉਤਰਦੀ ਸੀ ਤਾਂ ਥੱਕ ਕੇ ਨਿੱਸਲ ਹੋ ਜਾਂਦੇ ਸਨ। ਉਸ ਸਮੇਂ ਉਨ੍ਹਾਂ ਨੂੰ ਅਰਾਮ ਦੇਣ ਲਈ ਕੌਣ ਸਹਾਇਤਾ ਕਰਦਾ ਸੀ? ਤੇ ਕਿਵੇਂ?

*(vi)* ਬੈਂਕਾਂ ਅਤੇ ਡਿਪਾਰਟਮੈਂਟਲ ਸਟੋਰਾਂ ਵਿੱਚ ਕੰਪਿਊਟਰ ਦੀ ਵਰਤੋਂ ਕਿਵੇਂ ਹੁੰਦੀ ਹੈ?

**14.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਪਗ 50 ਸ਼ਬਦਾਂ ਵਿੱਚ ਲਿਖੋ: 2×3=6

*(i)* ਸ਼ਿਵਕੁਮਾਰ ਦੀ ਕਵਿਤਾ 'ਰੁੱਖ' ਦਾ ਸਾਰ ਲਿਖੋ।

*(ii)* ਮਦਰਾਸੀ ਦੇ ਘਰ ਨੌਕਰੀ ਕਰਕੇ ਨੰਦੂ ਵਿੱਚ ਕੀ ਤਬਦੀਲੀ ਆਈ?

★ ★ ★